ਅਪਣਾਈਏ, ਇਸ ਨੂੰ ਮਿਲਗੋਭਾ ਹੋਣ ਤੋਂ ਰੋਕੀਏ, ਭਾਈਚਾਰਕ ਸਾਂਝ ਬਣਾ ਲਈਏ। ਅਲੋਪ ਹੋ ਰਹੀ ਪੁਰਾਤਣ ਵਿਰਸੇ ਦੀ ਭਾਈਚਾਰਕ ਸਾਂਝ ਕਾਇਮ ਰੱਖੀਏ। ਕਿਤੇ ਸਮੇਂ ਦੀ ਧੂੜ ਸਾਡੇ ਵਿਰਸੇ ਨੂੰ ਧੁੰਦਲਾ ਨਾ ਕਰ ਦੇਵੇ। ਪੁਰਾਤਣ ਪੰਜਾਬ ਵਿਚ ਜੋ ਰੋਲ ਭਾਈਚਾਰਕ ਸਾਂਝ ਦਾ ਰਿਹਾ ਹੈ ਉਸ ਨੇ ਲੋਕਾਂ ਦੇ ਕੰਮਾਂ ਕਾਰਾਂ ਨੂੰ ਸੁਖਾਲਾ ਬਣਾਈ ਰੱਖਿਆ ਹੈ। ਪਰ ਅੱਜ ਦਾ ਪੰਜਾਬ ਪਹਿਲਾ ਵਾਲੇ ਪੰਜਾਬ ਨਾਲੋਂ ਬਹੁਤ ਵੱਖ ਹੈ। ਅੱਜ ਪੰਜਾਬ ਵਿਚ ਭਈਆਂ ਦੀ ਗਿਣਤੀ ਦਾ ਇੰਨਾ ਵੱਧ ਜਾਣਾ ਇਸ ਗੱਲ ਦੀ ਗਵਾਹੀ ਹੈ ਕਿ ਅੱਜ ਵੀ ਫਸਲ ਦੀ ਉਗਾਈ, ਲੁਆਈ, ਕਢਾਈ ਲਈ ਕਾਮਿਆਂ ਦੀ ਜ਼ਰੂਰਤ ਹੈ। ਪਰ ਅੱਜ ਦੇ ਲੋਕ ਮੰਗ ਪਾ ਕੇ, ਬਿੜੀ ਪਾ ਕੇ ਕਿਸੇ ਤੋਂ ਅਹਿਸਾਨ ਕਰਵਾ ਕੇ ਰਾਜ਼ੀ ਨਹੀਂ ਹਨ। ਅੱਜ ਦੇ ਲੋਕ ਆਪਣੇ ਵਿਰਸੇ ਤੋਂ ਬੇਮੁੱਖ ਹੋ ਕੇ, ਜ਼ਰੂਰਤ ਤੋਂ ਵੱਧ ਖਰਚਾ ਕਰ ਰਹੇ ਹਨ ਪਰ ਸਹਿਯੋਗ ਦੇਣ ਤੇ ਅਤੇ ਸਹਿਯੋਗ ਲੈਣ ਤੋਂ ਝਿਜਕਦੇ ਹਨ।

ਪੁਰਾਤਣ ਪੰਜਾਬ ਦੀ ਭਾਈਚਾਰਕ ਸਾਂਝ ਦਿਨੋ-ਦਿਨ ਅਲੋਪ ਹੋ ਰਹੀ ਹੈ। ਮਹੱਤਵਪੂਰਨ ਵਿਰਸਾ ਹੁੰਦਾ ਹੈ ਲੋਕ ਗੀਤ, ਨਾਚ ਅਤੇ ਮੇਲੇ। ਪੁਰਾਣੇ ਲੋਕ ਗੀਤ ਅੱਜ ਵੀ ਨਵੇਂ ਹਨ। ਲੋਕ ਗੀਤ ਤੇ ਨਾਚ ਕਿਸੇ ਸਮਾਜ ਦੀ ਰੂਹ ਹੁੰਦੇ ਹਨ। ਗਮੀ-ਸ਼ਾਦੀ ਵਿਚ ਲੋਕ ਗੀਤਾਂ ਰਾਹੀਂ ਹੀ ਮਨ ਦੇ ਵੇਦਨਾ ਦਾ ਪ੍ਰਗਟਾਵਾ ਹੁੰਦਾ ਹੈ। ਪੰਜਾਬੀ ਸੱਭਿਆਚਾਰ ਵਿਚ ਭੰਗੜਾ, ਝੂੰਮਰ, ਗਿੱਧਾ ਤੇ ਕਿੱਕਲੀ ਨਾਚ ਦੇ ਵਿਸ਼ੇਸ਼ ਅੰਗ ਹਨ। ਜਾਂ ਇਉਂ ਕਹੀਏ ਕਿ ਇਹੀ ਸੱਭਿਆਚਾਰ ਹੈ ਪੰਜਾਬ ਦਾ। ਅੱਜ ਅਜੋਕੇ ਸਮੇਂ ਵਿਚ ਇਨ੍ਹਾਂ ਨੂੰ ਇਤਨਾ ਪ੍ਰਦੂਸ਼ਤ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਦੀ ਪਛਾਣ ਔਖੀ ਹੋ ਗਈ ਹੈ। ਅੱਜ ਸਭਿਆਚਾਰ ਦੇ ਨਾਂ ਤੇ ਸਟੇਜ ਤੇ ਚੜ੍ਹਦੇ 10-12 ਮੁੰਡੇ ਕੁੜੀਆਂ ਡਾਂਸ ਕਰਦੇ ਹਨ। ਇਨ੍ਹਾਂ ਡਾਂਸ ਕਰਨ ਵਾਲੇ ਗਰੁੱਪਾਂ ਨੂੰ ਸੱਭਿਆਚਾਰਕ ਗਰੁੱਪਾਂ ਦਾ ਨਾਮ ਤਾਂ ਦਿੱਤਾ ਜਾਂਦਾ ਹੈ ਪਰ ਇਹ ਪੌਪ ਤੇ ਫੋਕ ਦਾ ਮਿਲਗੋਭਾ ਹੋ ਗਿਆ ਹੈ। ਪੰਜਾਬੀ ਗੀਤਾਂ ਵਿਚ ਵਿਦੇਸ਼ੀ ਤਰਜ਼ਾਂ ਠੋਸੀਆਂ ਜਾ ਰਹੀਆਂ ਹਨ। ਇਨ੍ਹਾਂ ਵਿਚ ਮਿਠਾਸ ਤੇ ਸੁਰ ਤਾਲ ਖੰਭ ਲਾ ਕੇ ਉੱਡ ਗਏ ਹਨ। ਸਮਝ ਨਹੀਂ ਆਉਂਦੀ ਕਿ ਇਹ ਪੰਜਾਬੀ ਬੋਲਦੇ ਹਨ ਜਾਂ ਕੋਈ ਹੋਰ ਭਾਸ਼ਾ। ਪਹਿਰਾਵਾ ਵੀ ਭੜਕਾਊ ਜੋ ਪੰਜਾਬੀ ਪਹਿਰਾਵੇ ਨਾਲ ਕਿਸੇ ਤਰ੍ਹਾਂ ਵੀ ਮੇਲ ਨਹੀਂ ਖਾਂਦਾ। ਪੰਜਾਬੀ ਮਾਂ ਬੋਲੀ ਆਪਣੇ ਇਨ੍ਹਾਂ ਹੋਣਹਾਰ ਬੱਚਿਆਂ ਤੇ ਰੋ




ਰਹੀ ਹੋਵੇਗੀ। ਲਾਲ ਚੰਦ ਯਮਲਾ ਜੱਟ, ਆਸਾ ਸਿੰਘ ਮਸਤਾਨਾ, ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਨਰਿੰਦਰ ਬੀਬਾ ਵਰਗੇ ਕਲਾਕਾਰਾਂ ਦੇ ਗਾਏ ਗੀਤ ਅੱਜ ਵੀ ਸਾਡੇ ਕੰਨਾਂ ਵਿਚ ਰਸ ਘੋਲਦੇ ਹਨ। ਅੱਜ ਸਾਨੂੰ ਲੋੜ ਹੈ ਕਿ ਅਸੀਂ ਆਪਣੇ ਅਸਲੀ ਪੰਜਾਬੀ ਸੱਭਿਆਚਾਰ ਦੀ ਸੰਭਾਲ ਹੀ ਨਾ ਕਰੀਏ ਸਗੋਂ ਦਿਲ ਵਿਚ ਵਸਾ ਕੇ ਅਪਣਾਈਏ, ਇਸ ਨੂੰ ਮਿਲਗੋਭਾ ਹੋਣ ਤੋਂ ਰੋਕੀਏ, ਭਾਈਚਾਰਕ ਸਾਂਝ ਬਣਾ ਲਈਏ। ਅਲੋਪ ਹੋ ਰਹੀ ਪੁਰਾਤਣ ਵਿਰਸੇ ਦੀ ਭਾਈਚਾਰਕ ਸਾਂਝ ਕਾਇਮ ਰੱਖੀਏ। ਕਿਤੇ ਸਮੇਂ ਦੀ ਧੂੜ ਸਾਡੇ ਵਿਰਸੇ ਨੂੰ ਧੁੰਦਲਾ ਨਾ ਕਰ ਦੇਵੇ।

# ਰੁੱਸ ਕੇ ਨਾ ਬਹਿ ਜੀ ਵੀਰਨਾ

ਭਵਨਦੀਪ ਸਿੰਘ ਪੁਰਬਾ



ਪੰਜਾਬੀ ਸੱਭਿਆਚਾਰ ਵਿਚ ਸਭ ਤੋਂ ਉੱਚਾ ਤੇ ਅਹਿਮ ਰਿਸ਼ਤਾ ਭੈਣ-ਭਰਾ ਦਾ ਰਿਸ਼ਤਾ ਹੀ ਮੰਨਿਆ ਜਾਂਦਾ ਹੈ। ਇਸੇ ਲਈ ਜਿਨੇ ਲੋਕ ਗੀਤ, ਲੋਕ ਟੱਪੇ ਭੈਣ ਭਰਾ ਦੇ ਪਿਆਰ, ਸਤਿਕਾਰ ਵਿਹਾਰ ਨਾਲ ਸੰਬੰਧਤ ਮਿਲਦੇ ਹਨ ਉਨੇ ਹੋਰ ਕਿਸੇ ਰਿਸ਼ਤੇ ਨਾਲ ਸਬੰਧਤ ਨਹੀਂ ਮਿਲਦੇ। ਬਚਪਨ ਤੋਂ ਹੀ ਇਸ ਨਿੱਘੇ ਰਿਸ਼ਤੇ ਦੀ ਖਿੱਚ ਅੰਦਰ ਭੈਣ ਰੱਬ ਅੱਗੇ ਵੀਰ ਦੀ ਲੰਮੀ ਉਮਰ ਦੀਆਂ ਦੁਆਵਾ ਕਰਨ ਲੱਗ ਪੈਂਦੀ ਹੈ ਨਿੱਕੇ ਵੀਰ ਨੂੰ ਲੋਰੀਆਂ ਦੇ ਕੇ ਖਡਾਉਣੀ ਹੈ ਸਹਿਜ ਸੁਭਾਅ ਹੀ ਇਹ ਤੋਤਲੀ ਅਵਾਜ਼ ਵਿਚ ਗੁਣ-ਗੁਣਾਉਂਦੀ ਹੈ।

**ਨੀ ਮੇਰਾ ਵੀਰ ਕਿਉ ਰੋਵੇ,**
**ਸੋਨੇ ਦੀ ਕਟੋਰੀ ਮੂੰਹ ਧੋਵੇ**
**ਜੀਹਦੇ ਕੋਲ ਮੇਰੇ ਰਾਜੇ**
**ਵੀਰ ਦੀ ਭੈਣ ਹੋਵੇ**
**ਨੀ ਮੇਰਾ ਵੀਰ ਕਿਉ ਰੋਵੇ।**

ਸਮੇਂ ਦੀ ਚਾਲ ਨਾਲ ਵੀਰ ਥੋੜ੍ਹਾ ਵੱਡਾ ਹੁੰਦਾ ਹੈ ਭੈਣ, ਵੀਰ ਨੂੰ ਪਾਣੀ ਮੰਗਿਆ ਦੁੱਧ ਦਿੰਦੀ ਹੈ ਉਹ ਆਪਣੇ ਵੀਰ ਦੀਆਂ ਸਿਫਤਾ ਕਰਦੀ ਨਹੀਂ ਥੱਕਦੀ। ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਹਨ ਉਹ ਆਪਣੇ ਵੀਰ ਨੂੰ ਦੂਰੋਂ ਹੀ ਪਛਾਣ ਲੈਂਦੀ ਹੈ। ਚਾਹੇ ਪਛਾਣ ਦਾ ਕਾਰਨ ਕੋਈ ਹੋਰ ਹੀ ਦੱਸ ਦੇਵੇ।

**ਇਕ ਵੀਰ ਬੋਲ ਦਾ ਲੰਮਾ,**
**ਦੂਜੀ ਪੱਗ ਛੱਤਣਾ ਨੂੰ ਜਾਵੇ**
**ਪੱਗਾ ਖੱਟੀਆ ਤੇ ਵੇਖਣ ਜੱਟੀਆ,**
**ਵੀਰ ਜਦੋਂ ਬੋਤੇ ਤੇ ਆਵੇ**

ਮਾਂ-ਬਾਪ ਤੋਂ ਵੀ ਜ਼ਿਆਦਾ ਜ਼ੋਰ ਭੈਣਾ ਨੂੰ ਵੀਰਾ ਤੇ ਹੀ ਹੁੰਦਾ ਹੈ ਕਿਉਂ ਜੋ ਮਾਂ-ਬਾਪ ਤਾਂ ਆਪਣੀ ਉਮਰ ਭੋਗ ਕੇ ਤੁਰ ਜਾਂਦੇ ਹਨ ਫਿਰ ਭੈਣਾਂ ਭਰਾਵਾਂ ਨੇ ਦੱਖ-ਸੁੱਖ ਹਾਨੀ ਆਪਸ ਵਿਚ ਹੀ ਹੋਣਾ ਹੁੰਦਾ ਹੈ। ਭੈਣ ਦਾ ਹਰ ਦੁਖ ਵੀਰ ਨੇ ਹੀ ਵਡਾਉਣਾ ਹੁੰਦਾ ਹੈ।

**ਭੈਣ ਨੇ ਦੁਖ ਫੋਲਿਆ,**
**ਵੀਰੇ ਦਾ ਕਾਲਜਾ ਡੋਲਿਆ।**
**ਭੈਣਾ ਰੋਦੀਆ ਨੂੰ ਵੀਰ ਵਰਾਉਂਦੇ,**
**ਸਿਰ ਉੱਤੇ ਹੱਥ ਰੱਖ ਕੇ**

ਵੀਰ ਜਵਾਨ ਹੋ ਜਾਵੇ ਤਾਂ ਭੈਣ ਦੇ ਮਨ ਵਿਚ ਚਾਅ ਹੁੰਦਾ ਹੈ ਕਿ ਉਹ ਆਪਣੇ ਹੱਥੀ ਵੀਰ ਦਾ ਵਿਆਹ ਕਰੇ। ਉਹ ਵੀਰ ਨੂੰ ਵਿਆਹ ਕਰਵਾਉਣ ਲਈ ਕਿਹਦੀ ਹੈ ਕਿ ਉਹ ਉਸਦੀ ਇੱਛਾ ਪੂਰੀ ਕਰੇ।

**ਤੈਨੂੰ ਨੱਤੀਆ,**
**ਭਾਬੋ ਨੂੰ ਪਿੱਪਲ ਪੱਤੀਆ,**
**ਵਿਆਹ ਕਰਵਾ ਲੈ ਵੀਰਨਾ।**

ਵੀਰ ਦਾ ਵਿਆਹ ਹੋ ਜਾਣ ਤੋਂ ਬਾਅਦ ਜੇਕਰ ਭਾਬੀ ਪਸੰਦ ਦੀ ਆ ਜਾਵੇ ਤਾਂ ਭੈਣ ਖੁਸ਼ੀ ਵਿਚ ਝੂਮਦੀ ਫਿਰਦੀ ਹੈ ਜੇਕਰ ਭਾਬੀ ਪਸੰਦ ਨਾ ਆਵੇ ਤਾਂ ਆਪਣੇ ਵੀਰ ਕੋਲ ਗਿਲਾ ਕਰਦੀ ਹੈ ਤੇ ਵੀਰ ਨੂੰ ਵਾਸਤਾ ਪਾਉਂਦੀ ਹੈ ਕਿ ਉਹ ਨਾ ਬਦਲ ਜਾਵੇ।

**ਵੀਰ ਮੇਰਾ ਸਤਯੁਗ ਦਾ,**
**ਕਲਯੁਗ ਦੀ ਜੰਮੀ ਭਰਜਾਈ।**
**ਭਾਬੋ ਦੀ ਮੈਂ ਕੁਝ ਨਾ ਲੱਗਾ,**
**ਵੀਰਾ ਤੇਰੀ ਵੇ ਅੰਮਾ ਵੀ ਜਾਈ।**

ਜੇਕਰ ਵੱਡੀ ਭਾਬੀ ਗਾਲਾ ਦਿੰਦੀ ਹੈ ਤਾਂ ਵੀ ਭੈਣ ਵੀਰ ਦੇ ਗੱਲ ਲੱਗ ਰੋਦੀ ਹੈ।

**ਭਾਵੋ ਨੇ ਝਿੜਕ ਦਿੱਤੀ,**
**ਗਲ ਲੱਗ ਕੇ ਵੀਰ ਦੇ ਰੋਈ**

ਭੈਣ ਦੇ ਵੱਡੀ ਹੋਣ ਤੇ ਉਹ ਦਿਨ ਵੀ ਆ ਜਾਂਦਾ ਹੈ ਜਦੋਂ ਵੀਰ ਨੂੰ ਆਪਣੇ ਕਲੇਜੇ ਦਾ ਟੁਕੜਾ ਬੇਗਾਨੇ ਘਰ ਭੇਜਣਾ ਪੈਂਦਾ ਹੈ, ਆਪਣਾ ਪੇਕਾ ਘਰ ਛੱਡਣ ਦਾ ਤੇ ਆਪਣੇ ਵੀਰ ਤੋਂ ਦੂਰ ਜਾਣ ਦਾ ਦਰਦ ਭੈਣ ਹੀ ਮਹਿਸੂਸ ਕਰ ਸਕਦੀ ਹੈ।

**ਵੀਰ ਮੇਰੇ ਨੇ ਬਾਗ ਲਵਾਇਆ,**
**ਬਾਗ 'ਚੋਂ ਸਭ ਨੂੰ ਢੋਈ**
**ਵਸੇ ਰਸੇ ਵੀਰਨਾ ਵੇ, ਮੈਂ ਪ੍ਰਦੇਸਨ ਹੋਈ।**

ਭੈਣ ਸਹੁਰੇ ਘਰ ਪਹੁੰਚ ਕੇ ਵੀ ਆਪਣੇ ਵੀਰ ਨੂੰ ਮੁੜ-ਮੁੜ ਯਾਦ ਕਰਦੀ ਹੈ।

**ਕੋਠੇ ਉੱਪਰ ਕੋਠੜਾ ਧੁਰ ਕੋਠੇ ਤੰਦੂਰ,**
**ਗਿਣ-ਗਿਣ ਲਾਵਾ ਰੋਟੀਆ**
**ਮੈਂ ਭਰ-ਭਰ ਲਾਵਾ ਪੂਰ,**
**ਸੱਸੂ ਜਾਏ ਖਾ ਗਏ ਮੇਰੀ ਅੰਮੀ ਜਾਏ ਦੂਰ**

ਜਦ ਵੀਰ ਦੇ ਘਰ ਪੁੱਤ ਜੰਮਦਾ ਹੈ ਤਾਂ ਭੈਣ ਦੀ ਖੁਸ਼ੀ ਦਾ ਟਿਕਾਣਾ ਨਹੀਂ ਰਹਿੰਦਾ।

**ਵੀਰ ਘਰ ਪੁੱਤ ਜੰਮਿਆ,**
**ਚੰਨ ਚੜਿਆ ਬਾਪ ਦੇ ਵਿਹੜੇ**

ਭੈਣ-ਭਰਾ ਆਪਣੇ ਸਾਰੇ ਕਾਰ-ਵਿਹਾਰ ਚਾਵਾ ਨਾਲ ਇਕੱਠੇ ਮਿਲ ਕੇ ਕਰਦੇ ਹਨ ਪਰ ਸਮੇਂ ਦੀ ਚਾਲ ਨਾਲ ਭੈਣ-ਭਰਾ ਦੇ ਰਿਸ਼ਤੇ ਵਿਚ ਜੇਕਰ ਕੋਈ ਕੁੜੱਅਤਨ ਭਰ ਜਾਵੇ ਤਾਂ ਇਹ ਦਰਜ ਅਕਿਹ ਤੇ ਅਸਿਹ ਬਣ ਜਾਂਦਾ ਹੈ। ਤਾਂ ਹੀ ਇਹ ਲੋਕ ਟੱਪਾ ਭੈਣ-ਭਰਾ ਨੂੰ ਟੁੱਟ ਕੇ ਨਾ ਬਹਿ ਜਾਣ ਦੀ ਤਕਰੀਰ ਕਰਦਾ ਹੈ

**ਭੈਣਾ ਵਰਗਾ ਸਾਕ ਨਾ ਕੋਈ**
**ਰੁੱਸ ਕੇ ਨਾ ਬਹਿ ਜੀ ਵੀਰਨਾ**